




# ਗ਼ਦਰ ਲਹਿਰ ਦੇ ਅਣਫੋਲੇ ਵਰਕੇ

ਕ੍ਰਿਤ: ਬਾਬਾ ਭਗਤ ਸਿੰਘ ਬਿਲਗਾ

## ਸਾਨਫਰਾਂਸਿਸਕੋ ਗ਼ਦਰ ਪਾਰਟੀ ਦਾ ਹੈਡਕੁਆਟਰ (1916-17)

1915 ਤਕ ਸਾਰੇ ਗ਼ਦਰੀ ਆਪਣੇ ਲੜਾਈ ਦੇ ਫਰੰਟਾਂ 'ਤੇ ਚਲੇ ਗਏ ਸਨ। ਗ਼ਦਰ ਹੈਡਕੁਆਟਰ ’ਤੇ ਰਾਮ ਚੰਦਰਾ ਹੀ ਰਹਿ ਗਿਆ ਸੀ। ਬਰਲਨ ਕਮੇਟੀ ਅਤੇ ਜਰਮਨ ਹਕੂਮਤ ਦੇ ਪ੍ਰਤੀਨਿਧਾਂ ਨੇ ਉਸ ਨਾਲ ਸੰਪਰਕ ਕੀਤਾ ਸੀ। ਇਨ੍ਹਾਂ ਵਿਚ ਚੰਦਰ ਕਾਂਤਾ ਚਕਰਵਰਤੀ, ਹੜੰਭਾ ਲਾਲ ਗੁਪਤਾ ਤੇ ਰਣਜੋਧ ਸਿੰਘ ਦੇ ਨਾਂ ਵਰਨਣਯੋਗ ਹਨ। ਇਨ੍ਹਾਂ ਵਿਚੋਂ ਰਣਜੋਧ ਸਿੰਘ ਬੈਂਕਾਰ ਚਲਾ ਗਿਆ ਸੀ ਤੇ ਦੂਜੇ ਦੋਨੋਂ ਅਮਰੀਕਾ ਜਪਾਨ ਵਿਚ ਹੀ ਰਹੇ ਸਨ| ਲਾਲਾ ਲਾਜਪਤ ਰਾਏ ਨੇ ਇਨ੍ਹਾਂ ਸਾਲਾਂ ਵਿਚ ਅਮਰੀਕਾ ਤੇ ਜਪਾਨ ਵਿਚ ਹੀ ਵਕਤ ਗੁਜ਼ਾਰਿਆ ਸੀ।

**ਲਾਲਾ ਲਾਜਪਤ ਰਾਏ ਨੇ 6 ਜੂਨ 1919 ਨੂੰ ਇਕ ਲੇਖ ‘ਅਮਰੀਕਾ ਤੇ ਜਪਾਨ ਵਿਚਲੇ ਹਿੰਦੋਸਤਾਨੀ ਇਨਕਲਾਬੀ’ ਲਿਖਿਆ ਸੀ। ਇਸ ਲੇਖ ਵਿਚ ਲਾਲਾ ਲਾਜਪਤ ਰਾਏ ਨੇ ਰਾਮ ਚੰਦਰਾ ਬਾਰੇ ਲਿਖਿਆ ਹੈ,**



**ਰਾਮ ਚੰਦਰਾ**

"He (Ram Chandra) was bent upon driving out to India every Hindu of any consequence or influence in the United States.”

“ਉਹ (ਰਾਮ ਚੰਦਰਾ) ਸਾਰੇ ਅਸਰ-ਰਸੂਖ ਵਾਲੇ ਸੂਝਵਾਨ ਲੀਡਰਾਂ ਨੂੰ ਹਿੰਦੋਸਤਾਨ ਭੇਜਣ ’ਤੇ ਤੁਲਿਆ ਹੋਇਆ ਸੀ।“

ਕਨੇਡਾ ਦੇ ਸਿਰਕੱਢ ਧਨੀ ਗ਼ਦਰੀ ਰਾਮ ਸਿੰਘ ਧੁਲੇਤਾ ਨੂੰ  ਰਾਮ ਚੰਦਰਾ ਨੇ ਇਕ ਗੁਪਤ ਲਿਖਤੀ ਸੰਦੇਸ਼ ਦੇ ਕੇ ਦੂਰ ਪੂਰਬ ਦੇ ਮੋਰਚੇ ’ਤੇ ਭੇਜ ਦਿੱਤਾ ਸੀ। ਰਾਮ ਸਿੰਘ ਜਦੋਂ ਮਨੀਲਾ ਵਿਚ ਭਾਈ ਭਗਵਾਨ ਸਿੰਘ ਕੋਲ ਪਹੁੰਚਾ ਹੀ ਸੀ ਕਿ ਪੂਰਬੀ ਫਰੰਟ ਦੇ ਗਦਰੀ ਗ੍ਰਿਫਤਾਰ ਕਰ ਲਏ ਗਏ ਸਨ ਅਤੇ ਗ਼ਦਰੀਆਂ ਦੀ ਹਾਰ ਹੋ ਗਈ ਸੀ। ਜਿਸ ਕਰਕੇ ਰਾਮ ਸਿੰਘ ਨੂੰ ਮਨੀਲਾ ਵਿਚ ਹੀ ਰੋਕ ਲਿਆ ਸੀ। ਭਾਈ ਭਗਵਾਨ ਸਿੰਘ ਨੇ ਜਦੋਂ ਰਾਮ ਸਿੰਘ ਦੇ ਬੂਟ ਦੇ ਤਲ਼ੇ ਪੁਟ ਕੇ ਰਾਮ ਚੰਦਰਾ ਵਲੋਂ ਭੇਜਿਆ ‘ਗੁਪਤ’ ਸੁਨੇਹਾ ਕੱਢਿਆ ਤਾਂ ਇਹ ਗ਼ਦਰ ਅਖਬਾਰ ਦੇ ਲੇਖ ਤੋਂ ਸਿਵਾ ਕੁਝ ਵੀ ਨਹੀਂ ਸੀ। ਇਸ ਤੋਂ ਬਾਦ ਇਹ ਦੋਵੇਂ ਗ਼ਦਰੀ, ਭਗਵਾਨ ਸਿੰਘ ਤੇ ਰਾਮ ਸਿੰਘ ਵਾਪਸ ਜਪਾਨ ਆ ਗਏ। ਜਪਾਨ ਦੀ ਹਕੂਮਤ ਨੇ ਵੀ ਇਨਾਂ ਨੂੰ ਜਪਾਨ ਛਡਣ ਦੇ ਹੁਕਮ ਦੇ ਦਿੱਤੇ ਸਨ। ਹਿੰਦੋਸਤਾਨ ਤੋਂ ਭਜ ਕੇ ਆਇਆ ਹੋਇਆ ਰਾਜ ਬਿਹਾਰੀ, ਠਾਕਰ ਦੇ ਨਾਂ ਹੇਠ ਜਪਾਨ ਵਿਚ ਰਹਿ ਰਿਹਾ ਸੀ।

ਭਾਈ ਸੰਤੋਖ ਸਿੰਘ ਪਾਖੋ (ਸਿਆਮ) ਤੋਂ ਕਾਫੀ ਲੰਬਾ ਸਫ਼ਰ ਚਲਕੇ ਇੰਡੋਚਾਈਨਾ ਹੁੰਦਾ ਹੋਇਆ, ਚੀਨ ਵਿਚੋਂ ਹੀ ਜਪਾਨ ਪਹੁੰਚ ਗਿਆ ਸੀ। ਇਹ ਤਿੰਨੋਂ ਹੀ ਗ਼ਦਰੀ ਮੁੜ ਅਮਰੀਕਾ ਆ ਗਏ। ਉਸ ਸਮੇਂ ਭਾਈ ਭਗਵਾਨ ਸਿੰਘ ਗ਼ਦਰ ਪਾਰਟੀ ਦਾ ਪ੍ਰਧਾਨ, ਬਰਕਤਉਲਾ ਮੀਤ ਪ੍ਰਧਾਨ, ਸੰਤੋਖ ਸਿੰਘ ਜਨਰਲ ਸਕੱਤਰ ਅਤੇ ਰਾਮ ਚੰਦਰਾ ਗ਼ਦਰ ਅਖ਼ਬਾਰ ਦਾ ਸੰਪਾਦਕ ਤੇ ਮੈਨੇਜਰ ਸੀ।

ਗਦਰ ਦਾ ਅੱਗੋਂ ਕੰਮ ਚਲਾਉਣ ਲਈ ਅਹੁਦੇਦਾਰਾਂ ਦੀ ਮੀਟਿੰਗ ਬੁਲਾਈ ਗਈ ਸੀ। ਰਾਮ ਚੰਦਰਾ ਨੇ ਇਸ ਮੀਟਿੰਗ ਵਿਚ ਹਾਜ਼ਰ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਹਿਸਾਬ ਦੇਣੋਂ ਵੀ ਇਨਕਾਰ ਕਰ ਦਿੱਤਾ । ਪਾਰਟੀ ਮੈਂਬਰਾਂ ਦੀ ਜਨਰਲ ਬਾਡੀ ਮੀਟਿੰਗ ਬੁਲਾਈ ਗਈ ਅਤੇ ਰਾਮ ਚੰਦਰਾ ਨੂੰ ਹੇਠ ਲਿਖੀਆਂ ਗੱਲਾਂ ’ਤੇ ਸਫਾਈ ਪੇਸ਼ ਕਰਨ ਲਈ ਕਿਹਾ ਗਿਆ :

1. ਰਾਮ ਚੰਦਰਾ ਹਿਸਾਬ ਪੇਸ਼ ਕਰੇ ਅਤੇ ਆਪਣੀ ਪਤਨੀ ਤੇ ਦੋਸਤਾਂ ਦੇ ਨਾਂ ਖਰੀਦੇ ਬੇਨਾਮੀ ਪਲਾਟਾਂ ਬਾਰੇ ਦੱਸੇ।

2. ਬਗ਼ਈ ਬਰਤਾਨਵੀ ਹਕੂਮਤ ਦਾ ਖੁਫ਼ੀਆ ਏਜੰਟ ਹੈ। ਰਾਮ ਚੰਦਰਾ ਨੇ ਪਾਰਟੀ ਦੇ ਖੁਫ਼ੀਆ ਕਾਗਜ਼ਾਤ ਤੇ ਹਿਸਾਬ ਕਿਤਾਬ ਦੇ ਰਜਿਸਟਰ ਉਸ ਕੋਲ ਕਿਉਂ ਰੱਖੇ? ਸਭ ਕੁਝ ਜਾਣ ਲੈਣ ਦੇ ਬਾਵਜੂਦ, ਰਾਮ ਚੰਦਰਾ ਦੇ ਬਗ਼ਈ ਨਾਲ ਨੇੜੇ ਦੇ ਸੰਬੰਧ ਕਿਉਂ ਹਨ?

3. ਗਦਰ ਲਈ ਹਥਿਆਰ ਲਿਜਾਣ ਵਾਲੇ ਦੋ ਜਹਾਜ਼ਾਂ ‘ਲਾਰਸਨ’ ਤੇ ‘ਮਾਰਵਿਕ’ ਬਾਰੇ ਬਰਤਾਨਵੀਂ ਹਕੂਮਤ ਨੂੰ ਬਗਈ ਰਾਹੀਂ ਪਤਾ ਲਗਾ ਸੀ ਅਤੇ ਉਹ ਗ੍ਰਿਫਤਾਰ ਕਰ ਲਏ ਗਏ ਸਨ। ਇਸ ਬਾਰੇ ਰਾਮ ਚੰਦਰਾ ਸਫਾਈ ਪੇਸ਼ ਕਰੇ।

ਇਸ ਨਾਜ਼ਕ ਦੌਰ ਵਿਚ ਪਾਰਟੀ, ਫੁੱਟ ਨਹੀਂ ਸੀ ਪੈਣ ਦੇਣਾ ਚਾਹੁੰਦੀ। ਪਰ ਰਾਮ ਚੰਦਰਾ ਨੇ ਸਫਾਈ ਪੇਸ਼ ਕਰਨ ਤੋਂ ਨਾਂਹ ਕਰ ਦਿੱਤੀ ਸੀ। ਇਸ ਦੇ ਉਲਟ ਉਸਨੇ ਪਾਰਟੀ ਅੰਦਰ ਆਪਣਾ ਗੁਟ ਖੜ੍ਹਾ ਕਰ ਲਿਆ ਸੀ ਅਤੇ ਗ਼ਦਰ ਅਖ਼ਬਾਰ ਵਿਚ ਭਾਈ ਸੰਤੋਖ ਸਿੰਘ, ਭਗਵਾਨ ਸਿੰਘ ਤੇ ਰਾਮ ਸਿੰਘ ਨੂੰ ਪਾਰਟੀ ਵਿੱਚੋਂ ਖਾਰਜ ਕਰ ਦੇਣ ਦਾ ਐਲਾਨ ਵੀ ਛਾਪ ਦਿੱਤਾ।

ਪਰ ਇਹ ਤਿੰਨੋਂ ਗ਼ਦਰੀ, ਆਮ ਮੈਂਬਰਾਂ ਦੀਆਂ ਪਰਖੀਆਂ ਹੋਈਆਂ ਸ਼ਖਸੀਅਤ ਸਨ। ਰਾਮ ਸਿੰਘ ਨੇ ਆਪਣੀ ਡੇਢ ਲੱਖ ਡਾਲਰ ਦੀ ਜਾਇਦਾਦ ਗਦਰ ਪਾਰਟੀ ਦੇ ਹਵਾਲੇ ਕਰ ਦਿੱਤੀ ਸੀ ਅਤੇ ਉਸ ਨੇ ਭਾਰਤ ਜਾਣ ਲਗਿਆ ਚਾਲੀ ਹਜ਼ਾਰ ਡਾਲਰ ਰਾਮ ਚੰਦਰਾ ਨੂੰ ਸੌਂਪ ਦਿੱਤੇ ਸਨ। ਭਾਈ ਭਗਵਾਨ ਸਿੰਘ ਸੱਚਾ ਦੇਸ ਭਗਤ ਸੀ, ਪਰ ਉਹ ਖਾਣ ਪੀਣ ਤੇ ਚੰਗੀ ਜ਼ਿੰਦਗੀ ਬਸਰ ਕਰਨ ਦਾ ਆਦੀ ਸੀ, ਜਿਹੜਾ ਕਿ ਉਸਦਾ ਕਮਜ਼ੋਰ ਪੱਖ ਸੀ।

ਗ਼ਦਰ ਪਾਰਟੀ ਦੀ ਜਨਰਲ ਬਾਡੀ ਨੇ ਰਾਮ ਚੰਦਰਾ ਨੂੰ ਪਾਰਟੀ ਵਿਚੋਂ ਖਾਰਜ ਕਰ ਦਿੱਤਾ ਸੀ ਤੇ ਭਗਵਾਨ ਸਿੰਘ ਨੂੰ ਪ੍ਰਧਾਨਗੀ ਪਦ ਤੋਂ ਬਰਤਰਫ ਕਰ ਦਿੱਤਾ ਸੀ। ਗ਼ਦਰ ਪਾਰਟੀ ਦੇ ਦਫਤਰ ਅਤੇ ਅਖ਼ਬਾਰ 'ਤੇ ਕਬਜ਼ਾ ਕਰ ਲਿਆ ਸੀ। ਰਾਮ ਚੰਦਰਾ ਫੇਰ ਵੀ ਨਾ ਟਲਿਆ| ਉਸਨੇ ਆਪਣਾ ਵੱਖਰਾ ਅਖ਼ਬਾਰ ਕੱਢਣਾ ਸ਼ੁਰੂ ਕਰ ਦਿੱਤਾ। ਸੀ।

ਗ਼ਦਰ ਪਾਰਟੀ ਦੇ ਇਤਿਹਾਸ ਵਿਚ ਇਹ ਬੜੀ ਹੀ ਦੁਖਦਾਈ ਘਟਨਾ ਸੀ। ਬਹੁਤ ਦੇਰ ਤੱਕ ਇਸ ਦਾ ਲੋਕਾਂ ਉਤੇ ਅਸਰ ਰਿਹਾ ਸੀ। ਅਜੇ ਵੀ ਬਹੁਤ ਸਾਰੇ ਲਿਖਾਰੀ ਅਤੇ ਸਿਆਸਤਦਾਨ ਇਸ ਬਾਰੇ ਸਪੱਸ਼ਟੀਕਰਨ ਲੈਣ ਦੇ ਚਾਹਵਾਨ ਹਨ।

**ਕੈਲੋਫੋਰਨੀਆਂ ਦੀ ਸੈਨੇਟ ਦੀ ਫੈਕਟ ਫਾਈਡਿੰਗ ਕਮੇਟੀ ਨੇ ਇਸ ਮਸਲੇ ਬਾਰੇ ਇੰਞ ਲਿਖਿਆ ਹੈ :**

"Ghadar Party member named Ram Chandra has succeeded Hardial as editor of the Hindustani Ghadar news but soon was operating the paper for his personal financial gains instead of the organization. He sold a news service to American papers and was regarded tarter by members of the party."

*(ਰਾਮ ਚੰਦਰ ਨਾਂ ਦੇ ਗ਼ਦਰੀ ਮੈਂਬਰ ਨੇ ਹਰਦਿਆਲ ਦੀ ਥਾਂ ਹਿੰਦੋਸਤਾਨੀ ਗ਼ਦਰ ਨਿਊਜ਼ ਦੀ ਸੰਪਾਦਕੀ ਸੰਭਾਲੀ ਸੀ। ਪਰ ਜਲਦੀ ਹੀ ਉਸਨੇ ਅਖ਼ਬਾਰ ਨੂੰ ਆਪਣੇ ਜਾਤੀ ਲਾਭਾਂ ਲਈ ਚਲਾਉਣਾ ਸ਼ੁਰੂ ਕਰ ਦਿੱਤਾ ਸੀ, ਨਾ ਕਿ ਜਥੇਬੰਦੀ ਵਾਸਤੇ । ਉਸ ਨ ਅਮਰੀਕਾ ਦੇ ਅਖ਼ਬਾਰਾਂ ਨੂੰ ਸਮਾਚਾਰ ਸੇਵਾ ਵੇਚਣੀ ਸ਼ੁਰੂ ਕਰ ਦਿਤੀ ਸੀ ਅਤੇ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਉਸ ਨੂੰ ਗ਼ਦਾਰ ਕਿਹਾ ਸੀ।]*

**ਲਾਲਾ ਲਾਜਪਤ ਰਾਏ ਨੇ ਆਪਣੇ ਲੇਖ ਵਿਚ ਗ਼ਦਰ ਪਾਰਟੀ ਦੇ ਮੈਂਬਰਾਂ ਬਾਰੇ, ਰਾਮ ਚੰਦਰਾ ਤੇ ਬਗਈ ਬਾਰੇ ਅਤੇ ਬਰਲਨ ਕਮੇਟੀ ਦੇ ਪ੍ਰਤੀਨਿਧਾਂ ਬਾਰੇ ਜੋ ਦਰਜ ਕੀਤਾ ਹੈ ਉਹ ਸੰਖੇਪ ਵਿਚ ਇਸ ਤਰ੍ਹਾਂ ਹੈ :**

'ਗਦਰੀ ਪੰਜਾਬੀਆਂ ਵਿਚ ਸਭ ਤੋਂ ਭੈੜੇ ਮੈਂਬਰ ਰਾਮ ਚੰਦਰਾ ਅਤੇ ਹਰੀਸ਼ ਚੰਦਰ ਸਨ। ਸਿੱਖਾਂ ਨੇ ਸਮੁੱਚੇ ਤੌਰ 'ਤੇ ਪਵਿੱਤਰ, ਸਭ ਤੋਂ ਵਧ ਨਿਰਸਵਾਰਥੀ ਅਤੇ ਬਾਜ਼ਬਤਾ ਹੋਣ ਦਾ ਸਬੂਤ ਦਿੱਤਾ ਹੈ। ਇਨਾਂ ਵਿਚ ਬੁਰਾ ਕੇਸ ਭਗਵਾਨ ਸਿੰਘ ਦਾ ਸੀ, ਪਰ ਤਾਂ ਵੀ ਰਾਮ ਚੰਦਰਾ ਅਤੇ ਚੱਕਰਵਰਤੀ ਜਾਂ ਗੁਪਤਾ ਨਾਲੋਂ ਬੇਹੱਦ ਵਧੀਆ ਸੀ। ਉਸ ਨੇ ਨਾ ਗਬਨ ਕੀਤਾ ਨਾ ਫੰਡਾਂ ਦੀ ਦੁਰਵਰਤੋਂ ਕੀਤੀ ਨਾ ਭਵਿੱਖ ਵਾਸਤੇ ਪੈਸਾ ਬਚਾਕੇ ਰੱਖਿਆ। ਸਮੁੱਚੇ ਤੌਰ 'ਤੇ ਦੇਸਭਗਤ ਸੀ। ਮੈਂ ਅਜੇ ਤਕ ਕਿਸੇ ਵੀ ਸਿੱਖ ਇਨਕਲਾਬੀ ਨੂੰ ਨਹੀਂ ਮਿਲਿਆ ,ਜੋ ਇਮਾਨਦਾਰਰ, ਸੁਹਿਰਦ, ਬਹਾਦਰ ਜਾਂ ਨਿਰਸਵਾਰਥ ਨਾ ਹੋਵੇ| ਅਜਿਹਾ ਇਕ ਵੀ ਨਹੀਂ, ਜਿਸ ਨੂੰ ਮੈਂ ਇਨਕਲਾਬੀ ਫੰਡਾਂ ਦਾ ਗ਼ਬਨ ਕਰਨ, ਦਰਵਰਤੋਂ ਕਰਨ ਦਾ ਦੋਸ਼ੀ ਸਮਝਦਾ ਹੋਵਾਂ। ਇਸ ਦੇ ਉਲਟ ਉਹਨਾਂ ਵਿਚੋਂ ਬਹੁਤ ਸਾਰਿਆਂ ਨੇ ਆਪਣੇ ਆਪ ਨੂੰ ਨਿਰੰਤਰ ਖਤਰੇ ਵਿਚ ਪਾ ਕੇ, ਹਮੇਸ਼ਾ ਤਿਆਗ ਦਾ ਜੀਵਨ ਬਤੀਤ ਕੀਤਾ। ਮੈਂ ਜਿਹਨਾਂ ਪੜ੍ਹੇ ਲਿਖੇ ਪੰਜਾਬੀਆਂ (ਵਿਦਿਆਰਥੀਆਂ ਤੇ ਕਿਰਤੀਆਂ) ਨੂੰ ਮਿਲਿਆ ਸਾਂ, ਉਹ ਭਾਵੇਂ ਦੇਸਭਗਤੀ ਵਿਚ ਬਹੁਤੇ ਨਿਪੁੰਨ ਨਹੀਂ ਸਨ, ਪਰ ਉਨ੍ਹਾਂ ਵਿਚੋਂ ਕਿਸੇ ਨੇ ਇਕ ਵੀ ਸੈਂਟ ਤਕ ਆਪਣੇ ਆਪ 'ਤੇ ਨਹੀਂ ਸੀ ਖਰਚਿਆਂ....

'ਜਿਹੜੇ ਪੰਜਾਬੀ ਗਦਰੀ ਦੇਸ ਅਜ਼ਾਦ ਕਰਾਉਣ ਦੇ ਅਕੀਦੇ ਨਾਲ ਭਾਰਤ ਗਏ ਸਨ, ਉਹਨਾਂ ਵਿਚੋਂ ਬਹੁਤਿਆਂ ਨੇ ਆਪਣੀ ਜਾਇਦਾਦ ਤਕ ਪਾਰਟੀ ਨੂੰ ਸੌਂਪ ਦਿਤੀ ਸੀ, ਜੋ ਇਕ ਤਰ੍ਹਾਂ ਨਾਲ ਰਾਮ ਚੰਦਰਾ ਦੇ ਹਥੇ ਚੜ੍ਹ ਗਈ। ਇਸ ਤੋਂ ਮੈਨੂੰ ਸਮਝ ਪੈਂਦੀ ਹੈ ਕਿ ਰਾਮ ਚੰਦਰਾ ਕੋਲ ਦੇਸ ਭਗਤਾਂ ਦਾ ਹਜ਼ਾਰਾਂ ਡਾਲਰਾਂ ਦਾ ਧਨ ਸੀ। ਜਿਥੋਂ ਤਕ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸਨੇ ਹੀ ਮੈਨੂੰ ਦੱਸਿਆ ਸੀ ਕਿ ਇਕ ਆਦਮੀ (ਰਾਮ ਸਿੰਘ) ਇਕੱਲਾ ਹੀ ਉਸਨੂੰ ਚਾਲੀ ਹਜ਼ਾਰ ਡਾਲਰ ਸੰਭਾਲ ਗਿਆ ਸੀ। ਰਾਮ ਚੰਦਰਾ ਜਰਮਨਾਂ ਤੋਂ ਵੀ ਪੈਸਾ ਲੈ ਰਿਹਾ ਸੀ.......

'ਬਗ਼ਈ ਰਾਮ ਚੰਦਰਾ ਦਾ ਪੂਰੀ ਤਰ੍ਹਾਂ ਹਿੱਸੇਦਾਰ ਸੀ ਅਤੇ ਲਹਿਰ ਦੇ ਵਿਚ ਘੁਸਿਆ ਹੋਇਆ ਸੀ| ਬਗਈ ਨੇ ਇਹ ਮੰਨਿਆਂ ਸੀ ਕਿ ਉਹ ਛੇ ਮਹੀਨੇ ਬਰਤਾਨਵੀ ਸਰਕਾਰ ਤੋਂ ਤਨਖਾਹ ਲੈਂਦਾ ਰਿਹਾ ਸੀ।'

**ਲਾਲ ਲਾਜਪਤ ਰਾਏ ਦੇ ਅਜਿਹੇ ਅਖੌਤੀ ਇਨਕਲਾਬੀਆਂ ਬਾਰੇ ਬੜੇ ਹਲਕੇ ਵਿਚਾਰ ਸਨ। ਉਨ੍ਹਾ ਨੇ ਇਨ੍ਹਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ :**

'ਉਹ ਦੇਸਭਗਤਾਂ ਨਾਲੋਂ ਭਾੜੇ ਦੇ ਟੱਟੂ ਵਧੇਰੇ ਸਨ। ਬਰਲਨ ਕਮੇਟੀ ਦੇ ਪ੍ਰਤੀਨਿਧ, ਚਕਰਵਰਤੀ ਅਤੇ ਹੜੱਭਾ ਲਾਲ ਗੁਪਤਾ, ਜਿਹੜੇ ਪਿਛੋਂ ਜਾ ਕੇ ਇਕ ਦੂਜੇ ਦੇ ਵਿਰੋਧੀ ਬਣ ਗਏ ਸਨ ਤੇ ਅਮਰੀਕਾ ਅਤੇ ਜਪਾਨ ਵਿਚ ਜਰਮਨ ਸਰਕਾਰ ਦੇ ਪ੍ਰਤੀਨਿਧ ਸਨ| ਉਹ ਵੀ ਉੱਪਰ ਦੱਸੇ ਭਾੜੇ ਦੇ ਟੱਟੂਆਂ ਦੀ ਨਸਲ ਦੇ ਬੰਦੇ ਹੀ ਸਨ, ਜਿਹੜੇ ਜਰਮਨ ਸਰਕਾਰ ਦੀਆਂ ਹਮਦਰਦੀਆਂ ਬਟੋਰਨ ਲਈ ਇਕ ਦੂਜੇ ਦੇ ਵਿਰੁੱਧ ਲੜਦੇ ਸਨ। ਹਰੀਸ਼ ਚੰਦਰ ਪੁੱਤਰ ਮੁਨਸ਼ੀ ਰਾਮ (ਪੰਜਾਬ) ਨੇ ਵੀ ਬਰਲਨ ਕਮੇਟੀ ਦਾ ਪ੍ਰਤੀਨਿਧ ਹੋਣਾ ਮੰਨਿਆ ਹੈ। ਉਸਨੂੰ ਬਰਤਾਨੀਆ ਭੇਜਿਆ ਗਿਆ ਸੀ, ਜਿਥੇ ਉਸਨੂੰ ਗ੍ਰਿਫ਼ਤਾਰ ਕਰਕੇ ਦਸ ਦਿਨ ਹਿਰਾਸਤ ਵਿਚ ਰੱਖਿਆ ਗਿਆ ਸੀ।'

**ਅੱਗੇ ਲਾਲਾ ਲਾਜਪਤ ਰਾਏ ਲਿਖਦੇ ਹਨ,** 'ਮੈਨੂੰ ਸ਼ੱਕ ਹੈ ਕਿ ਹਰੀਸ਼ ਚੰਦਰ ਨੂੰ ਖਰੀਦ ਲਿਆ ਗਿਆ ਸੀ ਤੇ ਹੁਣ ਉਹ ਇਸ ਦੇਸ ( ਅਮਰੀਕਾ) ਵਿਚ ਬਰਤਾਨੀਆ ਦੇ ਖੁਫੀਆ ਕਰਮਚਾਰੀ ਵਜੋਂ ਕੰਮ ਕਰ ਰਿਹਾ ਸੀ। ਬਾਅਦ ਵਿਚ ਮੇਰਾ ਸ਼ੱਕ ਠੀਕ ਸਾਬਤ ਹੋ ਗਿਆ ਸੀ। ਇਸ ਤਰ੍ਹਾਂ ਦੇ ਕਈ ਹੋਰ ਸਨ, ਜਿਹੜੇ ਕਦੇ ਵੀ ਗ਼ਦਰੀ ਪਾਰਟੀ ਵਿਚ ਸ਼ਾਮਲ ਨਹੀਂ ਹੋਏ ਸਨ, ਪਰ ਆਪਣੇ ਆਪ ਨੂੰ ਇਨਕਲਾਬੀ ਦਸਦੇ ਸਨ ਤੇ ਜਰਮਨ ਸਰਕਾਰ ਦੇ ਖਰੀਦੇ ਹੋਏ ਏਜੰਟ ਸਨ।'

**ਲਾਲ ਲਾਜਪਤ ਰਾਏ ਨੇ ਅੱਗੇ ਜਾ ਕੇ ਸੱਚਮੁੱਚ ਦੇ ਇਨਕਲਾਬੀਆਂ ਬਾਰੇ ਇਸ ਤਰ੍ਹਾਂ ਲਿਖਿਆ ਹੈ :**

'ਪੰਜਾਬੀਆਂ ਵਿਚ ਮੈਂ ਵਧੀਆ ਬੰਦੇ ਦੇਖੇ ਹਨ, ਜਿਹੜੇ ਉਸ ਵੇਗ ਵਿਚ ਗੱਲ ਕਰਦੇ ਸਨ, ਜਿਹੜੇ ਇਸ ਤਰ੍ਹਾਂ ਦੇ ਕੰਮ (ਇਨਕਲਾਬੀ ਕੰਮ) ਵਿਚ ਕੁੱਦਣ ਲਈ ਹਿਸਾਬ ਕਿਤਾਬ ਨਹੀਂ ਸੀ ਲਾਉਂਦੇ। ਉਹ ਬਿਨਾਂ ਲਾਲਸਾ ਤੋਂ ਜੀਵੇ। ਉਹ ਕਿਸੇ ਵੀ ਦਰਜੇ ਵਿਚ ਸਫਰ ਕਰ ਸਕਦੇ ਸਨ, ਉਹ ਕਿਸੇ ਵੀ ਤਰ੍ਹਾਂ ਦੇ ਕਪੜੇ ਪਹਿਨ ਸਕਦੇ ਸਨ ਅਤੇ ਕਦੇ ਸੌਦਾ ਨਹੀਂ ਕਰਦੇ ਸਨ।'

ਲਾਲਾ ਲਾਜਪਤ ਰਾਏ ਨੇ ਉਪਰਲੇ ਵਿਚਾਰ ਪੰਜਾਬੀ ਗ਼ਦਰੀ ਕੇਦਾਰ ਨਾਥ ਅਤੇ ਰਿਸ਼ੀਕੇਸ਼ ਬਾਰੇ ਕਹੇ ਹਨ, ਜਿਹੜੇ ਉਨ੍ਹਾਂ ਨੂੰ ਮਿਲੇ, ਬਹਿਸ ਕੀਤੀ ਅਤੇ ਮੁਤਾਫਿਕ ਨਾ ਹੋਏ। ਮੀਟਿੰਗ ਤੋਂ ਬਾਅਦ ਉਹ ਪੱਛਮੀ ਫਰੰਟ 'ਤੇ ਚਲੇ ਗਏ ਅਤੇ ਈਰਾਨ ਵਿਚ ਉਨ੍ਹਾਂ ਨੇ ਤਕਲੀਫਾਂ ਝੱਲੀਆਂ ਸਨ।

ਲਾਲ ਲਾਜਪਤ ਰਾਏ ਦੇ ਐਮ.ਐਨ. ਰਾਏ ਬਾਰੇ ਵਿਚਾਰ ਬਹੁਤ ਉਚੇ ਸਨ, ਜਿਸ ਨੂੰ ਉਹ ਪਹਿਲਾਂ ਜਪਾਨ ਵਿਚ ਤੇ ਫਿਰ ਅਮਰੀਕਾ ਵਿਚ ਮਿਲਦੇ ਰਹੇ ਸਨ। ਰਾਜ ਬਿਹਾਰੀ ਬੋਸ ਦੀ ਉਨ੍ਹਾਂ ਨੇ ਬੜੀ ਸਿਫਤ ਕੀਤੀ ਹੈ।

ਜਿਥੋਂ ਤੱਕ ਲਾਲਾ ਲਾਜਪਤ ਰਾਏ ਦੇ ਸਿਆਸੀ ਵਿਚਾਰਾਂ ਦਾ ਸੰਬੰਧ ਸੀ, ਉਸਨੇ ਠਾਕਰ ਰਾਸ ਬਿਹਾਰੀ ਬੋਸ ਨੂੰ ਕਿਹਾ ਸੀ , 'ਮੈਂ ਆਪਣੇ ਆਪ ਨੂੰ ਇਕ ਇਨਕਲਾਬੀ ਦੇ ਤੌਰ 'ਤੇ ਜਾਂ ਬਰਤਾਨਵੀ ਰਾਜ ਤੋਂ ਖਲਾਸੀ ਕਰਾਉਣ ਵਾਲਿਆਂ ਤੋਂ ਵਖ ਰਖਾਂਗਾ।' (ਸਫਾ 209, ਨਿਊਯਾਰਕ ਵਿਚਲੀ ਵੇਦਾਂਤਾ ਸੁਸਾਇਟੀ ਵਿਚ ਭਾਸ਼ਣ)।

ਜਿਥੋਂ ਤਕ ਅਮਰੀਕਾ ਅਤੇ ਜਪਾਨ ਵਿਚ ਉਸ ਦੀਆਂ ਸਰਗਰਮੀਆਂ ਦਾ ਸੰਬੰਧ ਸੀ, ਲਾਲਾ ਲਾਜਪਤ ਰਾਏ ਇਨ੍ਹਾਂ ਲੋਕਾਂ ਨਾਲ ਘੁਲਮਿਲ ਗਿਆ ਹੋਇਆ ਸੀ। ਉਹ ਇਕ ਦੂਜੇ ਨੂੰ ਖਾਣੇ 'ਤੇ ਬੁਲਾਉਂਦੇ ਸਨ। ਉਹ ਗਦਾਰ ਰਾਮ ਚੰਦਰਾ ਸਮੇਤ ਸਾਰਿਆਂ ਨੂੰ ਨੇੜੇ ਤੋਂ ਜਾਣਦਾ ਸੀ।

ਪੈਸੇ ਦੇ ਲੈਣ ਦੇਣ ਵਿਚ ਉਹ ਇਕ ਦੂਜੇ 'ਤੇ ਨਿਰਭਰ ਕਰਦੇ ਸਨ। ਜਪਾਨ ਵਿਚ ਰਾਮ ਬਿਹਾਰੀ ਬੋਸ ਨੇ ਉਸ ਕੋਲ 19500 ਯੈਨ ਜਮ੍ਹਾਂ ਕਰਾਏ ਸਨ ਤਾਂ ਕਿ ਫੜੇ ਜਾਣ ਬਾਅਦ ਇਹ ਪੈਸੇ ਜ਼ਬਤ ਨਾ ਕਰ ਲਏ ਜਾਣ। ਜਦੋਂ ਰਾਸ ਬਿਹਾਰੀ ਨੇ ਇਹ ਪੈਸੇ ਮੰਗੇ ਤਾਂ ਉਸਨੇ ਵਾਪਸ ਕਰ ਦਿੱਤੇ ਸਨ, ਭਾਵੇਂ ਉਹ ਉਸ ਸਮੇਂ ਅਮਰੀਕਾ ਵਿਚ ਸੀ। ਰਾਮ ਚੰਦਰਾ ਨੇ ਲਾਲਾ ਲਾਜਪਤ ਰਾਏ ਦੀ ਕਿਤਾਬ 'ਯੰਗ ਇੰਡੀਆ' ਛਪਾਉਣ ਲਈ 600 ਡਾਲਰਾਂ ਦਾ ਇੰਤਜ਼ਾਮ ਕੀਤਾ ਸੀ (ਸਫਾ 205)। ਲਾਜਪਤ ਰਾਏ ਨੇ ਇਹ ਮੰਨਿਆ ਹੈ ਕਿ 'ਇਹ ਸਾਡੀ ਜਾਣ ਪਛਾਣ ਤੋਂ ਇਕ ਮਹੀਨਾ ਬਾਅਦ ਦੀ ਹੀ ਗੱਲ ਹੈ ਕਿ ਉਸ (ਰਾਮ ਚੰਦਰਾ) ਨੇ ਮੈਨੂੰ ਭਾਈ ਪਰਮਾਨੰਦ ਤੇ ਉਸ ਦੇ ਸਾਥੀ ਕੈਦੀਆਂ ਦੀ ਡੀਫੈਂਸ ਵਾਸਤੇ ਪੰਜਾਬ ਭੇਜਣ ਲਈ 3500 ਡਾਲਰ ਦਿੱਤੇ ਸਨ। ਉਸਨੇ ਮੈਨੂੰ ਦੱਸਿਆ ਸੀ ਕਿ ਇਹ ਗ਼ਦਰ ਪਾਰਟੀ ਦਾ ਪੈਸਾ ਹੈ।'

ਪਰ ਇਹ ਪੈਸਾ ਉਨਾਂ ਦੀ ਡੀਫੈਂਸ ਲਈ ਹਿੰਦੋਸਤਾਨ ਨਾ ਪਹੁੰਚਾ। ਲਾਲਾ ਜੀ ਨੇ ਆਪਣੇ ਲੇਖ ਵਿਚ ਇਹ ਮੰਨਿਆ ਹੈ ਕਿ ਇਹ ਪੈਸਾ ਕਿਊਬਾ ਦੇ ਸ਼ੂਗਰ ਕੇਨ ਪਰੈਫਰਡ ਸਟਾਕਸ ਦੇ ਸਟਾਕ ਐਕਸਚੇਂਜ ਵਿਚ ਲਾ ਦਿੱਤਾ ਗਿਆ ਸੀ । ਬਾਅਦ ਵਿਚ ਇਹ ਪਤਾ ਲੱਗਾ ਕਿ ਇਹ ਪੈਸਾ ਉਸਨੇ ਲਾਹੌਰ ਵਿਚ ਲਾਜਪਤ ਰਾਏ ਭਵਨ ਉਸਾਰਨ 'ਤੇ ਲਗਾ ਦਿੱਤਾ ਸੀ।

ਲਾਲਾ ਜੀ ਗ਼ਦਰ ਆਸ਼ਰਮ ਵਿਚ ਸਿਰਫ ਇਕ ਵਾਰ ਹੀ ਗਏ ਸਨ, ਉਹ ਵੀ ਉਦੋਂ ਜਦੋਂ ਉਨ੍ਹਾਂ ਦੇ ਸਵਾਗਤ ਲਈ ਦੁਪਹਿਰ ਦਾ ਖਾਣਾ ਦਿੱਤਾ ਗਿਆ ਸੀ। ਅਸਲ ਵਿਚ ਉਹ ਗ਼ਦਰ ਪਾਰਟੀਆਂ ਦੀਆਂ ਇਨਕਲਾਬੀ ਸਰਗਮੀਆਂ ਵਿਚ ਉਲਝਣ ਪਤੀ ਬੜੇ ਚੌਕੰਨੇ ਸਨ।

ਲਾਲਾ ਲਾਜਪਤ ਰਾਏ ਦੇ ਉਪਰਲੇ ਲੇਖ ਤੋਂ ਇਹ ਸਮਝ ਬਾਖੂਬੀ ਪੈ ਜਾਂਦੀ ਹੈ ਕਿ ਗ਼ਦਰੀ ਪਾਰਟੀ ਦੇ ਹੈਡਕੁਆਟਰ 'ਤੇ ਸਾਂਝੀ (ਕੁਲੈਕਟਿਵ) ਜ਼ਿੰਮੇਵਾਰੀ ਖਤਮ ਹੋ ਚੁੱਕੀ ਸੀ। ਸਾਰੇ ਗ਼ਦਰੀ ਲੀਡਰ ਆਪਣੇ ਫਰੰਟਾਂ 'ਤੇ ਚਲੇ ਗਏ ਸਨ ਅਤੇ ਰਾਮ ਚੰਦਰਾ ਹੈਡਕੁਆਟਰ 'ਤੇ ਇਕਲਾ ਰਹਿ ਗਿਆ ਸੀ। ਗ਼ਦਰ ਪਾਰਟੀ ਦੀ ਸਾਰੀ ਲੀਡਰਸ਼ਿਪ ਵਿਚੋਂ ਕੇਵਲ ਤਿੰਨ ਹੀ ਮੌਤ ਦੇ ਮੂੰਹੋਂ ਬਚਕੇ ਵਾਪਸ ਅਮਰੀਕਾ ਆਉਣ ਵਿਚ ਸਫਲ ਹੋਏ ਸਨ।

ਰਾਮ ਚੰਦਰਾ ਨੇ ਉਨ੍ਹਾਂ ਨੂੰ ਜੀ ਆਇਆਂ ਕਹਿਣ ਦੀ ਥਾਂ ਹਿਸਾਬ ਕਿਤਾਬ ਪੇਸ਼ ਕਰਨ ਤੋਂ ਹੀ ਨਾਂਹ ਕਰ ਦਿੱਤੀ ਸੀ। ਇਸ ਦੇ ਉਲਟ ਗ਼ਦਰ ਪਾਰਟੀ ਵਿਚ ਫੁਟ ਪਾਉਣ ਦੀ ਕੋਸ਼ਿਸ਼ ਕੀਤੀ।

ਕੈਲੇਫੋਰਨੀਆ ਦੀ ਸੈਨੇਟ ਦੀ ਰੀਪੋਰਟ ਅਨੁਸਾਰ ਅਤੇ ਲਾਲਾ ਲਾਜਪਤ ਰਾਏ ਦੇ ਲੇਖ ਅਨੁਸਾਰ ਚਾਮ ਚੰਦਰਾ ਨੇ ਪਾਰਟੀ ਫੰਡ ਨੂੰ ਕੇਵਲ ਆਪਣੇ ਲਈ ਹੀ ਵਰਤਿਆ ਸੀ ਅਤੇ ਦੂਜੇ ਪਾਸੇ ਗ਼ਦਰ ਪਾਰਟੀ ਦੇ ਆਗੂ ਫਾਹੇ ਲੱਗ ਰਹੇ ਸਨ।




**ਬਗ਼ਈ**

ਗੌਰਮਿੰਟ ਦੀ ਰੀਪੋਰਟ, ਹੋਮ ਐਂਡ ਪੁਲੀਟੀਕਲ, ਮਾਰਚ 1915, ਤੋਂ ਸਾਫ ਪਤਾ ਲੱਗਦਾ ਹੈ ਕਿ ਬਗ਼ਈ ਬਰਤਾਨਵੀ ਪੁਲਸ ਦਾ ਏਜੰਟ ਸੀ ਅਤੇ ਉਸਨੇ ਅੱਗੇ ਏਜੰਟ ਰੱਖੇ ਹੋਏ ਸਨ। ਰਾਮ ਚੰਦਰਾ ਦੇ ਬਗ਼ਈ ਨਾਲ ਡੂੰਘੇ ਸੰਬੰਧ ਸਨ। ਬਗਈ ਦੀਆਂ ਰੀਪੋਰਟਾਂ 'ਤੇ ਹੀ ਹਰਨਾਮ ਸਿੰਘ ਸੈਣੀ ਅਤੇ ਭਾਈ ਬਲਵੰਤ ਸਿੰਘ ਵਰਗੇ ਆਗੂਆਂ ਨੂੰ ਫਾਂਸੀਆਂ ਲੱਗੀਆਂ ਸਨ ਅਤੇ ਹਥਿਆਰਾਂ ਦੇ ਜਹਾਜ਼ ਫੜੇ ਗਏ ਸਨ।

## ਸਾਨਫਰਾਂਸਿਸਕੋ ਸਾਜ਼ਿਸ਼ ਕੇਸ (1917)

ਜੰਗ ਦੌਰਾਨ 7 ਅਪਰੈਲ 1917 ਨੂੰ ਅਮਰੀਕਾ ਨੇ ਬਰਤਾਨੀਆ ਤੇ ਉਸ ਦੇ ਧੜੇ ਦੇ ਹੱਕ ਵਿਚ ਜੰਗ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਸੀ। ਦੂਜੇ ਹੀ ਦਿਨ ਅਮਰੀਕਾ ਵਿਚ ਰਹਿ ਰਹੇ ਗ਼ਦਰੀ ਲੀਡਰ ਗਿਫਤਾਰ ਕਰ ਲਏ ਗਏ ਸਨ। ਅਮਰੀਕਾ ਵਿਚ ਰਹਿੰਦੇ ਬਰਲਨ ਕਮੇਟੀ ਦੇ ਮਸ਼ੀਰ ਵੀ ਫੜ ਲਏ ਗਏ।



**ਰਣਜੋਧ ਸਿੰਘ**

ਸਾਨਫਰਾਂਸਿਸਕੋ ਵਿਚ ਜਰਮਨ ਕੌਂਸਲ ਦਾ ਸਟਾਫ਼ ਵੀ ਹਿਰਾਸਤ ਵਿਚ ਲੈ ਲਿਆ ਗਿਆ ਸੀ। ਗਿਫਤਾਰ ਕੀਤੇ ਗ਼ਦਰੀਆਂ ਉਤੇ ਸਾਨਫਰਾਂਸਿਸਕੋ ਸਾਜ਼ਿਸ਼ ਕੇਸ ਚਲਿਆ। ਅਡਵਾਇਰ ਨੇ ਗ਼ਦਰੀਆਂ ਵਿਰੁੱਧ ਭੁਗਤਣ ਲਈ ਹਿੰਦੋਸਤਾਨ ਤੋਂ ਗਵਾਹ ਭੇਜੇ, ਜਿਨਾਂ ਵਿਚ ਰਣਜੋਧ ਸਿੰਘ ਅਤੇ ਚਰਨ ਦਾਸ ਸ਼ਾਮਲ ਸਨ। ਰਣਜੋਧ ਸਿੰਘ ਜਦੋਂ ਗਵਾਹੀ ਦੇਣ ਆਇਆ ਤਾਂ ਉਸ ਨੇ ਆਪਣਾ ਲਿਖਤੀ ਨੋਟ ਜੱਜ ਨੂੰ ਦਿੱਤਾ, ਜਿਸ ਵਿਚ ਤਿੰਨ ਸਵਾਲ ਪੁੱਛੇ ਗਏ ਸਨ :

1. ਕੀ ਅਮਰੀਕਾ ਇਕ ਅਜ਼ਾਦ ਮੁਲਕ ਹੈ?

2. ਜੇ ਮੈਂ ਸੱਚ ਬੋਲਾਂ ਤਾਂ ਮੈਨੂੰ ਸਜ਼ਾ ਤਾਂ ਨਹੀਂ ਦਿੱਤੀ ਜਾਵੇਗੀ?

3. ਸੱਚ ਬੋਲਣ 'ਤੇ ਮੈਨੂੰ ਅੰਗਰੇਜ਼ੀ ਹਕੂਮਤ ਦੇ ਹਵਾਲੇ ਤਾਂ ਨਹੀਂ ਕੀਤਾ ਜਾਵੇਗਾ?

ਜੱਜ ਨੇ ਉੱਤਰ ਦਿੱਤਾ ਕਿ ਅਮਰੀਕਾ ਇਕ ਅਜ਼ਾਦ ਦੇਸ ਹੈ, ਪਰ ਮੈਂ ਗਵਾਹ ਨੂੰ ਗਰੰਟੀ ਨਹੀਂ ਦੇ ਸਕਦਾ ਕਿ ਉਸ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਜਾਵੇਗਾ ਅਤੇ ਨਾ ਹੀ ਮੈਂ ਇਹ ਗਰੰਟੀ ਦੇ ਸਕਦਾ ਹਾਂ ਕਿ ਉਸਨੂੰ ਅੰਗਰੇਜ਼ ਹਕੂਮਤ ਦੇ ਹਵਾਲੇ ਨਹੀਂ ਕੀਤਾ ਜਾਵੇਗਾ। ਇਹ ਸੁਣਦਿਆਂ ਹੀ ਰਣਜੋਧ ਸਿੰਘ ਬੇਹੋਸ਼ ਹੋ ਕੇ ਡਿੱਗ ਪਿਆ ਸੀ। ਉਸਨੇ ਗਵਾਹੀ ਦੇਣੋਂ ਨਾਂਹ ਕਰ ਦਿੱਤੀ ਸੀ। ਉਸਨੂੰ ਮੁੜ ਕੇ ਫਿਰ ਜੇਲ੍ਹ ਭੇਜ ਦਿੱਤਾ ਗਿਆ ਜਿਥੇ ਉਸ ਉਤੇ ਸਖਤੀਆਂ ਕੀਤੀਆਂ ਗਈਆਂ ਸਨ ਅਤੇ ਅੰਤ ਨੂੰ ਪਾਗਲਖਾਨੇ ਭੇਜ ਦਿੱਤਾ ਗਿਆ ਸੀ ਅਤੇ ਇਸੇ ਹਾਲਤ ਵਿਚ ਹੀ ਉਸ ਦੀ ਮੌਤ ਹੋ ਗਈ ਸੀ।

ਇਹ ਕੇਸ 29 ਨਵੰਬਰ 1917 ਨੂੰ ਸ਼ੁਰੂ ਹੋਇਆ ਸੀ ਅਤੇ 24 ਮਾਰਚ 1918 ਨੂੰ ਫੈਸਲਾ ਸੁਣਾ ਦਿੱਤਾ ਗਿਆ ਸੀ। ਮੁਲਜ਼ਮਾਂ ਵਿਚ 19 ਹਿੰਦੋਸਤਾਨੀ ਸ਼ਾਮਲ ਸਨ। ਇਸ ਮੁਕੱਦਮੇ 'ਤੇ ਹਿੰਦੋਸਤਾਨ ਦੀ ਅੰਗਰੇਜ਼ ਹਕੂਮਤ ਨੇ 30 ਲੱਖ ਡਾਲਰ ਖਰਚੇ ਸਨ। ਸਾਰੇ ਹਿੰਦੋਸਤਾਨੀਆਂ ਨੇ ਮਿਲਕੇ ਮਿਸਟਰ ਰੇਲੀ ਨੂੰ ਡੀਫੈਂਸ ਕੌਂਸਲ ਮੁਕੱਰਰ ਕੀਤਾ ਅਤੇ ਬਾਹਰ ਰਹਿ ਗਏ ਗ਼ਦਰੀਆਂ ਨੇ ਥਾਂ ਥਾਂ ਜਾਕੇ ਮੁਕੱਦਮੇ ਲਈ ਫੰਡ ਇਕੱਠਾ ਕੀਤਾ ਸੀ। ਰਾਮ ਚੰਦਰਾ ਨੇ ਆਪਣਾ ਵਖਰਾ ਵਕੀਲ ਖੜ੍ਹਾ ਕਰ ਲਿਆ ਸੀ। ਗ਼ਦਰੀਆਂ ਵਲੋਂ ਵਾਰ–ਵਾਰ ਅਪੀਲ ਕਰਨ 'ਤੇ ਵੀ ਉਸਨੇ ਸਾਂਝੀ ਡੀਫੈਂਸ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਸੀ। ਡੀਫੈਂਸ ਕਮੇਟੀ ਦਾ ਵਿਚਾਰ ਸੀ ਕਿ ਰਾਮ ਚੰਦਰਾ ਦੀ ਵੱਖਰੀ ਦਲੀਲਬਾਜ਼ੀ ਮੁਕੱਦਮੇ ਨੂੰ ਕਮਜ਼ੋਰ ਕਰੇਗੀ। ਪਰ ਰਾਮ ਚੰਦਰਾ ਨਾ ਮੰਨਿਆ।

ਸਫਾਈ ਦੇ ਵਕੀਲ ਦੀ ਦਲੀਲ ਇਹ ਸੀ ਕਿ 'ਹਿੰਦੋਸਤਾਨੀ ਮੁਲਜ਼ਮਾਂ ਨੇ ਕਿਸੇ ਵੀ ਅਮਰੀਕੀ ਕਾਨੂੰਨ ਦੀ ਉਲੰਘਣਾ ਨਹੀਂ ਕੀਤੀ। ਇਨ੍ਹਾਂ ਨੇ ਸਾਰਾ ਕੁਝ ਆਪਣੇ ਦੇਸ ਨੂੰ ਅਜ਼ਾਦ ਕਰਾਉਣ ਲਈ ਕੀਤਾ ਹੈ, ਜਿਸ ਕਰਕੇ ਉਹ ਜਾਰਜ ਵਸ਼ਿੰਗਟਨ ਦੇ ਪੂਰਨਿਆਂ 'ਤੇ ਚਲ ਰਹੇ ਹਨ।"

ਇਕ ਦਿਨ ਕਚਹਿਰੀ ਵਿਚ ਹੀ ਰਾਮ ਸਿੰਘ ਨੇ ਆਪਣੀ ਦਸਤਾਰ ਵਿਚੋਂ ਰਿਵਾਲਵਰ ਕੱਢ ਕੇ ਰਾਮ ਚੰਦਰਾ 'ਤੇ ਫਾਇਰ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਅਤੇ ਅਗੇ ਖੜੇ ਮਾਰਸ਼ਲ ਨੇ ਰਾਮ ਸਿੰਘ 'ਤੇ ਫਾਇਰ ਕਰਕੇ ਉਸ ਨੂੰ ਵੀ ਮਾਰ ਦਿੱਤਾ ਸੀ। ਦੋਵੇਂ ਲਾਸ਼ਾਂ ਕਚਹਿਰੀ ਵਿਚ ਪਈਆਂ ਸਨ ਅਤੇ ਸੰਨਾਟਾ ਛਾਇਆ ਹੋਇਆ ਸੀ। ਜੱਜ ਨੇ ਸੁਣਵਾਈ ਮੁਲਤਵੀ ਕਰ ਦਿੱਤੀ। ਘਟਨਾ ਦੀ ਤਫਤੀਸ਼ ਹੋਈ, ਪੁਲਸ ਕਿਸੇ ਨਤੀਜੇ 'ਤੇ ਨਾ ਪਹੁੰਚ ਸਕੀ। ਇਸ ਗੋਲੀ ਕਾਂਡ ਬਾਰੇ ਬੜੀਆਂ ਕਹਾਣੀਆਂ ਸੁਣਨ ਵਿਚ ਆਉਂਦੀਆਂ ਹਨ। ਕੁਝ ਨਹੀਂ ਕਿਹਾ ਜਾ ਸਕਦਾ ਕਿ ਰਾਮ ਚੰਦਰਾ ਨੂੰ ਗੋਲੀ ਮਾਰਨ ਦਾ ਫੈਸਲਾ ਸਾਰੇ ਗ਼ਦਰੀ ਮੁਲਜ਼ਮਾਂ ਦਾ ਸਾਂਝਾ ਸੀ ਜਾਂ ਰਾਮ ਸਿੰਘ ਨੇ ਆਪਣੇ ਤੌਰ 'ਤੇ ਮਨ ਬਣਾ ਲਿਆ ਸੀ।

ਰਾਮ ਸਿੰਘ ਧੁਲੇਤਾ ਦੀ ਜ਼ਿੰਦਗੀ ਬਾਰੇ ਲੇਖ ਕਿਰਤੀ ਰਸਾਲੇ ਵਿਚ ਛਪੇ ਹਨ। ਜਿਸ ਦੇ ਸੰਪਾਦਕ ਭਾਈ ਸੰਤੋਖ ਸਿੰਘ ਸਨ। ਉਸ ਸਮੇਂ ਵੀ ਰਾਜ ਅੰਗਰੇਜ਼ਾਂ ਦਾ ਹੀ ਸੀ। ਪਰ ਇਹ ਜ਼ਰੂਰ ਲਿਖਿਆ ਗਿਆ ਹੈ ਕਿ ਕਈ ਮਸਲੇ ਹਨ ਜਿਨ੍ਹਾਂ ਬਾਰੇ ਅਜੇ ਵੀ ਨਹੀਂ ਲਿਖਿਆ ਜਾ ਸਕਦਾ। ਸਮਾਂ ਆਉਣ 'ਤੇ ਖੁਲ੍ਹਕੇ ਲਿਖਿਆ ਜਾਵੇਗਾ। ਇਸਤਗਾਸੇ 'ਤੇ ਪੂਰੀ ਬਹਿਸ ਤੋਂ ਬਾਅਦ ਜੱਜ ਨੇ ਹੇਠ ਲਿਖੀਆਂ ਸਜ਼ਾਵਾਂ ਸੁਣਾ ਦਿੱਤੀਆਂ :

ਤਾਰਕ ਨਾਥ ਦਾਸ ਨੂੰ 22 ਮਹੀਨੇ, ਭਾਈ ਸੰਤੋਖ ਸਿੰਘ ਨੂੰ 21 ਮਹੀਨੇ, ਭਾਈ ਭਗਵਾਨ ਸਿੰਘ ਨੂੰ 18 ਮਹੀਨੇ, ਗੋਪਾਲ ਸਿੰਘ ਮੋਹੀ ਨੂੰ 18 ਮਹੀਨੇ ਅਤੇ ਬਾਕੀਆਂ ਨੂੰ ਇਸ ਤੋਂ ਕੁਝ ਘਟ ਮਹੀਨਿਆਂ ਦੀਆਂ ਸਜ਼ਾਵਾਂ ਕੀਤੀਆਂ ਗਈਆਂ ਸਨ।

## For More Information:

**Explore our archive of SF Ghadar writings and resources:** www.sfghadar.org

contact@sfghadar.org